ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ
ਪਲਾਟ ਨੰ: 1, ਸੈਕਟਰ 36 ਏ, ਚੰਡੀਗੜ੍ਹ , ਫੋਨ: 0172 - 2615389, 2622584, 2622585

ਨੰ: ਪੀ.ਐਸ.ਬੀ.ਟੀ.ਈ. & ਆਈ.ਟੀ./ ਡੀ.ਏ./2025/ 3121 ਮਿਤੀ: 13/10/25

**ਸਰਕੂਲਰ**

ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਤੋਂ ਸੈਸ਼ਨ 2026-27 ਲਈ ਐੱਨ.ਓ.ਸੀ./ ਕੰਸੈਂਟ ਲੈਟਰ ਪ੍ਰਾਪਤ ਕਰਨ ਲਈ ਅਰਜੀ ਨਾਲ ਨੱਥੀ ਐਪਲੀਕੇਸ਼ਨ ਫਾਰਮ ਬੋਰਡ ਦਫਤਰ ਵੱਲੋ ਪੱਤਰ ਨੰਬਰ ਨੰ: ਪੀ.ਐਸ.ਬੀ.ਟੀ.ਈ. & ਆਈ.ਟੀ./ ਡੀ.ਏ./2025/3062 ਮਿਤੀ 30/09/2025 ਜਾਰੀ ਕੀਤੇ ਗਏ ਸਰਕੂਲਰ ਰਾਹੀ ਮਿਤੀ 30.10.2025 ਮੰਗਵਾਏ ਗਏ ਸਨ।

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ Pharmacy Council of India, New Delhi ਵੱਲੋ ਜਾਰੀ ਕੀਤੇ ਗਏ ਪੱਤਰ Ref No. 14-56/2024-PCI (Approval Process for 2026-27 a.s.)/dated 03.10.2025 ਰਾਹੀ ਸੈਸਨ 2026-27 ਲਈ ਨਵੀਆਂ ਸੰਸਥਾਵਾਂ ਅਤੇ ਨਾਲ ਹੀ ਮੋਜੂਦਾ ਸੰਸਥਾਵਾਂ ਜੋ ਨਵੇ ਕੋਰਸ ਦੀ ਸੁਰੂਆਤ ਜਾਂ ਦਾਖਲੇ ਵਿੱਚ ਵਾਧਾ ਕੀਤਾ ਜਾਣਾ ਹੈ, ਉਹਨਾਂ ਵੱਲੋ ਪੀ ਸੀ ਆਈ ਪੋਰਟਲ ਤੇ ਮਿਤੀ 31.10.2025 ਤੱਕ ਅਪਲਾਈ ਕੀਤਾ ਜਾਣਾ ਹੈ। ਜਿਹਨਾਂ ਸੰਸਥਾਵਾਂ ਵੱਲੋ ਨਿਰਧਾਰਤ ਕੀਤੀ ਗਈ ਮਿਤੀ ਤੇ ਅਪਲਾਈ ਨਹੀ ਕੀਤਾ ਜਾਵੇਗਾ ਉਹਨਾਂ ਦੇ ਕੇਸਾਂ ਨੂੰ ਸੈਸਨ 2027-28 ਲਈ ਵਿਚਾਰਿਆ ਜਾਵੇਗਾ।

ਇਸ ਲਈ ਬੋਰਡ ਦਫਤਰ ਵੱਲੋ ਨਵਾਂ ਫਾਰਮੇਸੀ ਕਾਲਜ ਖੋਲਣ ਲਈ ਅਤੇ ਨਵਾਂ ਡਿਪਲੋਮਾ ਕੋਰਸ ਸੁਰੂ ਕਰਨ ਲਈ NOC/Consent of Affiliation ਅਪਲਾਈ ਕਰਨ ਲਈ ਬਿਨੈਪੱਤਰ ਮਿਤੀ 30.10.2025 ਦੀ ਬਜਾਏ ਮਿਤੀ 21.10.2025 ਤੱਕ ਲਏ ਜਾਣੇ ਹਨ ਤਾਂ ਜੋ ਸਮਾਂ ਰਹਿੰਦੇ NOC/Consent of Affiliation ਸਬੰਧੀ ਕਾਰਵਾਈ ਕੀਤੀ ਜਾ ਸਕੇ। ਜੇਕਰ ਨਵੀਆਂ ਸੰਸਥਾਵਾਂ/ਮੌਜੂਦਾ ਸੰਸਥਾਵਾਂ ਵੱਲੋ ਮਿਤੀ 21.10.2025 ਉਪਰੰਤ NOC/Consent of Affiliation ਲਈ ਬਿਨੈਪੱਤਰ ਬੋਰਡ ਦਫਤਰ ਵਿਖੇ ਪ੍ਰਾਪਤ ਹੁੰਦੇ ਹਨ ਉਹਨਾਂ ਨੂੰ ਸੈਸ਼ਨ 2027-28 ਲਈ ਵਿਚਾਰਿਆ ਜਾਵੇਗਾ।

ਡਾਇਰੈਕਟਰ ਅਕਾਦਮਿਕ
ਵਾਸਤੇ ਸਕੱਤਰ
ਪੀ.ਐਸ.ਬੀ.ਟੀ.ਈ. ਐਂਡ ਆਈ. ਟੀ.
ਚੰਡੀਗੜ੍ਹ।